Co-funded by Asylum, Migration and Integration Fund of the European Union

ਐਟੀਕੋਵਿਡ-19 ਦੇ ਟੀਕਾਕਰਨ ਦੇ ਸਹਿਮਤੀ ਫਾਰਮ ਦਾ ਪਹਿਲਾ ਭਾਗ:-

ਜਾਣਕਾਰੀ ਵਾਲਾ ਨੋਟ:

ਸਪਾਇਕਵੈਕਸ **Spikevax** ( ਕੋਵਿਡ-19 ਟੀਕਾ ਮੋਦੈਰਨਾ)

ਸਪਾਇਕਵੈਕਸ ਕੀ ਹੈ ਅਤੇ ਇਹ ਕਿਸ ਲਈ ਹੈ

ਸਪਾਇਕਵੈਕਸ ਵੈਕਸੀਨ ( ਪਹਿਲਾ ਮੋਦੈਰਨਾ ਕੋਵਿਡ-19 ਵਜੋ ਜਾਣੀ ਜਾਦੀ ਸੀ) ਜਿਸ ਦੀ ਵਰਤੋ ਕੋਵਿਡ-19 ਦੀ ਰੋਕਥਾਮ ਵਜੋ ਕੀਤੀ ਜਾਦੀ ਹੈ.ਸਪਾਇਕਵੈਕਸ ਬਾਲਗਾ 12 ਸਾਲ ਅਤੇ ਇਸ ਤੋ ਵੱਧ ਉਮਰ ਵਾਲਿਆ ਬੱਚਿਆ ਨੂੰ ਦਿੱਤੀ ਜਾਦੀ ਹੈ. ਇਹ ਵੈਕਸੀਨ ਇਮੂਨੀਸਿਸਟਮ ਨੂੰ ਵਧਾਉਦਾ ਹੈ ( ਸਰੀਰ ਦੀ ਕੁਦਰਤੀ ਸੁਰੱਖਿਆ) ਇਹ ਐਟੀਬਾਡੀਸ ਅਤੇ ਖੂਨ ਦੇ ਸੈਲਾ ਨੂੰ ਵਾਇਰਸ ਦੇ ਵਿਰੁਧ ਬਣਾਉਣ ਦਾ ਕਾਰਨ ਬਣਦਾ ਹੈ, ਅਜਿਹਾ ਕਰਨ ਨਾਲ ਕੋਵਿਡ-19 ਵਿਰੋਧੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ, ਕਿਉ ਜੋ ਸਪਾਇਕਵੈਕਸ ਟੀਕੇ ਵਿਚ ਵਾਇਰਸ ਨਹੀ ਹੁੰਦਾ ਇਸ ਕਰਕੇ ਕੋਵਿਡ-19 ਨਹੀ ਲੱਗ ਸਕਦਾ.

ਸਪਾਇਕਵੈਕਸ ਲੈਣ ਤੋ ਪਹਿਲਾ ਤੁਹਾਨੂੰ ਕੀ ਜਾਨਣ ਦੀ ਲੋੜ ਹੈ:-

ਜੇਕਰ ਤੁਹਾਨੂੰ ਕਿਸੇ ਦਵਾਈ ਜਾ ਕਿਸੇ ਹੋਰ ਤੱਤ ਤੋ ਐਲਰਜੀ ਹੈ ਤਾ ਇਹ ਨਹੀ ਲਗਾਇਆ ਜਾ ਸਕਦਾ (ਹੇਠਾ ਲਿਖਿਆ).

ਚੇਤਾਵਨੀਆ ਅਤੇ ਸਾਵਧਾਨੀਆ

ਟੀਕਾ ਲੈਣ ਤੋ ਪਹਿਲਾ ਟੀਕਾਕਰਨ ਕੇਦਰ ਵਿਚ ਸਿਹਤ ਕਰਮਚਾਰੀ (ਟੀਕਾ ਲਗਾਉਣ ਵਾਲਾ ਡਾਕਟਰ) ਜਾ ਆਪਣੇ ਡਾਕਟਰ ਨਾਲ ਗੱਲ ਕਰੋ ਜੇ :

- ਅਤੀਤ ਵਿਚ ਜੇਕਰ ਤੁਹਾਨੂੰ ਕਿਸੇ ਹੋਰ ਟੀਕਾ ਲਗਾਉਣ ਤੋ ਬਾਦ ਜਾ ਸਪਾਇਕਵੈਕਸ ਲੈਣ ਤੋ ਬਾਦ ਗੰਭੀਰ ਐਲਰਜੀ ਜਾ ਸਾਹ ਲੈਣ ਵਿਚ ਮੁਸ਼ਕਿਲ ਆਈ ਹੈ.
- ਜਾ ਕਿਸੇ ਪ੍ਰਕਾਰ ਦਾ ਵੀ ਟੀਕਾ ਲੈਣ ਤੋ ਬਾਦ ਬੇਹੋਸ਼ ਹੋਏ ਹੋ
- ਕੋਈ ਬਿਮਾਰੀ ਹੈ ਜਾ ਤੇਜ ਬੁਖਾਰ ਨਾਲ ਕੋਈ ਗੰਭੀਰ ਪ੍ਰੋਬਲਮ ਹੋਵੇ,(ਪਰ ਜੇ ਤੁਹਾਨੂੰ ਹਲਕਾ ਜਿਹਾ ਬੁਖਾਰ ਜਾ ਹਲਕਾ ਜਿਹਾ ਜੁਕਾਮ ਹੈ ਤਾ ਟੀਕਾ ਲੈ ਸਕਦੇ ਹੋ)
- ਅਗਰ ਤੁਹਾਨੂੰ ਖੂਨ ਵਗਣ ਦੀ ਸਮੱਸਿਆ ਹੈ( ਜਿਵੇ ਕਿ ਮਾੜੀ ਜਿਹੀ ਖਰੋਚ ਆਉਣ ਤੇ ਜਖਮ ਹੋ ਜਾਣਾ) ਜੇਕਰ ਤੁਸੀ ਖੂਨ ਦੇ ਗਤਲੇ(ਗਟਲੀਆ) ਰੋਕਣ ਲਈ ਦਵਾਈ ਦੀ ਵਰਤੋ ਕਰਦੇ ਹੋ.
- ਜੇਕਰ ਤੁਹਾਡਾ ਇਮੂਨੀਸਿਸਟਮ ਕੰਮਜੋਰ ਹੈ ਤਾ ਜਿਵੇ ਕਿ (HIV) ਲਾਗ ਵਰਗੇ ਰੋਗ ਦੇ ਕਾਰਨ ਜਾ ਉਹ ਦਵਾਈਆ ਜੋ ਇਮੂਨੀਸਿਸਟਮ ਨੂੰ ਪ੍ਰਭਾਵਿਤ ਕਰਦੀਆ ਹਨ ਜਿਵੇ ਕਿ ਕੋਰਟੀਕੋਟਟੀਰੋਇਦਸ

ਸਪਾਇਕਵੈਕਸ ਦਾ ਟੀਕਾ ਕਰਨ ਤੋ ਬਾਦ ਮੀਕਰੋਦੀਤੇ( ਦਿਲ ਦੀ ਸੋਜ) ਦੇ ਬਹੁਤ ਘੱਟ ਮਾਮਲਿਆ ਦੀ ਰੀਪੋਰਟ ਪਾਈ ਗਈ ਹੈ ਅਤੇ ਪੈਰੀਕਾਦੀਤੇ ( ਦਿਲ ਦੇ ਬਾਹਰਲੀ ਪਰਤ ਦੀ ਸੋਜ) ਇਹ ਨੋਰਮਲੀ ਵੈਕਸੀਨ (ਟੀਕਾ) ਲੈਣ ਤੋ 2 ਹਫਤੇ ਬਾਦ ਇਹ ਰੀਐਕਸ਼ਨ ਵਾਪਰਿਆ ਸੀ,ਖਾਸ ਕਰਕੇ ਦੂਜੇ ਵੈਕਸੀਨ (ਡੋਜ) ਤੋ ਬਾਦ ਨੋਜਵਾਨ ਮੁੰਡਿਆ ਵਿਚ. ਟੀਕਾ ਕਰਨ ਤੋ ਬਾਦ ਮੀਓਕਰਦੀਤੇ ਅਤੇ ਪੇਰੀਕਰਦੀਤੇ ਦੇ ਸੰਕੇਤਾ ਵਲ ਧਿਆਨ ਦੇਣਾ ਜਰੂਰੀ ਹੈ ਜਿਵੇ ਕਿ ਸਾਹ ਦੀ ਕਮੀ, ਧੜਕਨ ਅਤੇ ਛਾਤੀ ਦਾ ਦਰਦ , ਜੇਕਰ ਅਜਿਹੇ ਲੱਛਣ ਹੁੰਦੇ ਹਨ ਤਾ ਡਾਕਟਰ ਦੀ ਸਹਾਇਤਾ ਲਉ.

ਹੋਰ ਦਵਾਈਆ ਅਤੇ ਸਪਾਇਕਵੈਕਸ:

ਆਪਣੇ ਡਾਕਟਰ ਜਾ ਟੀਕਾਕਰਨ ਕੇਦਰ ਵਿਚ ਸਿਹਤ ਕਰਮਚਾਰੀ (ਟੀਕਾ ਲਗਾਉਣ ਵਾਲਾ ਡਾਕਟਰ) ਨੂੰ ਦਸੋ ਜੇਕਰ ਤੁਸੀ ਕੋਈ ਦਵਾਈ ਹੁਣ ਲਈ ਹੈ ਜਾ ਅਜਕਲ ਲੈ ਰਹੇ ਹੋ ਜਾ ਜੇਕਰ ਹਾਲ ਵਿਚ ਹੀ ਕੋਈ ਟੀਕਾ ਲਗਾਇਆ ਗਿਆ ਹੈ.

ਗਰਭ ਅਵਸਥਾ ਅਤੇ ਦੁੱਧ ਚੁੰਘਾਉਣ

ਜੇਕਰ ਤੁਸੀ ਗਰਭਵਤੀ ਹੋ ਜਾ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ ਜਾ ਅਜੇ ਆਪਣਾ ਦੁੱਧ ਬੱਚੇ ਨੂੰ ਪਿਲਾ ਰਿਹੇ ਹੋ ਤਾ ਟੀਕਾ ਲੈਣ ਤੋ ਪਹਿਲਾ ਆਪਣੇ ਡਾਕਟਰ ਦੀ ਸਲਾਹ ਲਉ

ਜਿਹਨਾ ਨੂੰ ਵੀ ਗਰਭਵਤੀ ਅਵਸਥਾ ਵਿਚ ਸਪਾਇਕਵੈਕਸ ਦੀ ਵੈਕਸੀਨ ਦਿਤੀ ਗਈ ਹੈ ਉਹਨਾ ਦੀ ਇਨਫੋਰਮੇਸ਼ਨ ਬਹੁਤ ਘੱਟ ਹੈ. ਜਾਨਵਰਾ ਦੀ ਗਰਭ ਅਵਸਥਾ ਤੇ ਸਿਧੇ ਜਾ ਅਸਿਧੇ ਨੁਕਸਾਨ ਦੇਹ ਪ੍ਰਭਾਵ ਨਹੀ ਮਿਲੇ (ਭਰੂਣ ਅਵਸਥਾ,ਸ਼ੀਸ਼ੂ ਜਣੇਪੇ ਜਾ ਜਨਮ ਤੋ ਬਾਦ ਦੇ ਵਿਕਾਸ) ਗਰਭ ਅਵਸਥਾ ਦੇ ਦੋਰਾਨ ਸਪਾਇਕਵੈਕਸ ਦਾ ਵਿਚਾਰ ਅਸੀ ਉਦੋ ਹੀ ਕਰ ਸਕਦੇ ਹਾ ਜਦੋ ਮਾ ਅਤੇ ਬੱਚੇ ਲਈ ਲਾਭ ਨੁਕਸਾਨ ਤੋ ਵੱਧ ਹੋਣ.

ਸੁਰੱਖਿਆ ਦੀ ਮਿਆਦ ਅਤੇ ਟੀਕੇ ਦੀ ਪ੍ਰਭਾਵਸ਼ੀਲਤਾ ਦੀਆ ਸੀਮਾਵਾ:-

ਟੀਕੇ ਦੁਆਰਾ ਦਿਤੀ ਗਈ ਸੁਰੱਖਿਆ ਦੀ ਮਿਆਦ ਦੇ ਬਾਰੇ ਅਜੇ ਪਤਾ ਨਹੀ ਹੈ, ਇਸਦਾ ਪਤਾ ਕਰਨ ਲਈ ਅਜੇ ਸਟਡੀ ( study ) ਚੱਲ ਰਹੀ ਹੈ.ਜਿਵੇ ਕਿ ਬਾਕੀ ਸਾਰਿਆ ਟੀਕਿਆ ਦੀ ਤਰ੍ਹਾ ਹੋ ਸਕਦਾ ਹੈ ਕਿ ਸਪਾਇਕਵੈਕਸ ਵੈਕਸੀਨ ਲੈਣ ਵਾਲੇ ਹਰ ਕਿਸੇ ਦੀ ਸੁਰੱਖਿਆ ਨਾ ਕਰ ਸਕੇ. ਵੈਕਸੀਨ ਦੀ ਦੂਜੀ ਖੁਰਾਕ ਲੈਣ ਤੋ ਬਾਦ ਹੋ ਸਕਦਾ ਹੈ ਕਿ 14 ਦਿਨਾ ਤੱਕ ਲੋਕ ਪੂਰੀ ਤਰ੍ਹਾ ਸੁਰੱਖਿਅਤ ਨਾ ਹੋ ਸਕਣ. ਇਸ ਲਈ ਜਨਤਕ ਸਿਹਤ ਵਿਭਾਗ ਵਲੋ ਅਜੇ ਤੱਕ ( ਮਾਸਕ, ਦੂਰੀ ਅਤੇ ਬਾਰ-ਬਾਰ ਹੱਥ ਧੋਣ) ਦੀ ਕ੍ਰਿਆ ਦੀ ਸਖਤੀ ਨਾਲ ਪਾਲਣਾ ਕਰਨ ਦੀ ਜਰੂਰਤ ਹੈ.

ਸਪਾਇਕਵੈਕਸ ਕਿਵੇ ਦਿਤਾ ਜਾਦਾ ਹੈ:-

ਸਪਾਇਕਵੈਕਸ ਬਾਹ ਦੇ ਉਪਰਲੇ ਭਾਗ ਤੇ ਲਗਾਇਆ ਜਾਦਾ ਹੈ.ਟੀਕੇ ਦੇ ਕੋਰਸ ਨੂੰ ਪੂਰਾ ਕਰਨ ਲਈ ਪਹਿਲੀ ਖੁਰਾਕ ਤੋ ਬਾਦ ਉਸੇ ਵੈਕਸੀਨ ਦੀ ਦੂਜੀ ਖੁਰਾਕ 4 ਹਫਤਿਆ ਵਿਚ ( ਕਿਸੇ ਵੀ ਸਥਿਤੀ ਵਿਚ 42 ਦਿਨਾ ਤੋ ਪਹਿਲਾ) ਦਿਤੀ ਜਾਵੇਗੀ.

ਇਹ ਬਹੁਤ ਜਰੂਰੀ ਹੈ ਕਿ ਦੂਜੀ ਖੁਰਾਕ ਲਈ ਜਾਵੇ ਤਾ ਜੋ ਇਮੂਨੀਸਿਸਟਮ ਦਾ ਰਿਜਲਟ ਬਹਿਤਰ ਆਵੇ. ਜੇਕਰ ਤੁਸੀ ਦੂਜੀ ਖੁਰਾਕ ਨਿਧਾਰਤ ਮਿਤੀ ਤੇ ਲੈਣਾ ਭੁੱਲ ਜਾਦੇ ਹੋ ਤਾ ਕ੍ਰਿਪਾ ਕਰਕੇ ਆਪਣੇ ਡਾਕਟਰ ਜਾ ਟੀਕਾਕਰਨ ਕੇਦਰ ਨਾਲ ਸੰਪਰਕ ਕਰੋ ਜਿਥੇ ਪਹਿਲੀ ਖੁਰਾਕ ਦਿਤੀ ਗਈ ਸੀ.

ਜਿਹਨਾ ਬੰਦਿਆ ਦੀ ਇਮੂਨੋਸੋਪਰੇਸਿਉਨੇ (immunosoppressione )ਦੇ ਹਲਾਤ ਹਨ ਉਹਨਾ ਦੇ ਵਧੀਆ ਰਿਜਲਟ ਆਉਣ ਲਈ ਦੂਜੀ ਖੁਰਾਕ ਤੋ ਘੱਟੋ- ਘੱਟ 28 ਦਿਨਾ ਬਾਦ ਇਕ ਵਾਧੂ ਖੁਰਾਕ ਨਿਧਾਰਤ ਕੀਤੀ ਜਾਦੀ ਹੈ.ਇਕ ਵਾਧੂ ਖੁਰਾਕ ਦੀ ਵਰਤੋ ਦਾ ਅਜੇ ਵੀ EMA (ਏਜੰਸੀ ਈਰੋਪਾ ਦੈਲ ਫਾਰਮਕੋ) ਨਾਲ ਗੱਲ ਬਾਤ ਕੀਤੀ ਜਾ ਰਹੀ ਹੈ, ਪਰ ਇਟਾਲੀਅਨ ਮੈਡੀਕਲ ਏਜੰਸੀ ਸਪਾਇਕਵੈਕਸ (AIFA) ਨੇ ≥ 18 ਸਾਲ ਦੇ ਉਮਰ ਦੇ ਵਿਸ਼ਿਆ ਵਿਚ ਇਸਦੀ ਵਰਤੋ ਦੀ ਆਗਿਆ ਦਿਤੀ ਹੈ. ਕਾਨੂੰਨ ਨੰਬਰ 648/961 ਦੇ ਅਨੁਸਾਰ.

ਸਪਾਇਕਵੈਕਸ ਦੀ ਵਰਤੋ ਮਿਸ਼ਰਤ ਟੀਕਾਕਰਨ ਦੇ ਕੋਰਸ ਨੂੰ ਪੂਰਾ ਕਰਨ ਲਈ ਕੀਤੀ ਜਾਦੀ ਹੈ , ਜਿਸ ਦੀ 60 ਸਾਲ ਦੀ ਉਮਰ ਤੋ ਘੱਟ ਤੱਕ ਦਿਆ ਨੂੰ ਜਿਨਾ ਨੇ ਵੈਕਸਜੇਵੇਰੀਆ (Vaxzevria ) ਦੀ ਪਹਿਲੀ ਖੁਰਾਕ 8 ਤੋ 12 ਹਫਤਿਆ ਪਹਿਲਾ ਲਈ ਸੀ. ਅਜਿਹੀ ਵਰਤੋ ਟੀਕੇ ਦੇ ਸੰਕੇਤਾ ਵਿਚ ਸ਼ਾਮਿਲ ਨਹੀ ਹਨ . ਪਰ ਇਟਾਲੀਅਨ ਮੈਡੀਕਲ ਏਜੰਸੀ (AIFA) ਮਿਨਿਸਟਰੀ ਦੇ ਪਰੋਟੋਕਾਲ ਨੰਬਰ **0026246– 11/06/2021–** DGPRE ਨੇ ਇਸਦੀ ਵਰਤੋ ਦੀ ਆਗਿਆ ਦਿਤੀ ਹੈ . ਕਾਨੂੰਨ ਨੰਬਰ 648/961 ਦੇ ਅਨੁਸਾਰ ਜਿਹਨਾ ਦੀ ਉਮਰ 60 ਸਾਲ ਤੋ ਘੱਟ ਹੈ ਅਤੇ ਉਹਨਾ ਨੇ ਵੈਕਸਜੇਵਰੀਆ ਦੀ ਪਹਿਲੀ ਖੁਰਾਕ ਲਈ ਹੈ .ਇਸਨੂੰ ਤਾ ਸ਼ਾਮਿਲ ਕੀਤਾ ਗਿਆ ਹੈ ਕਿ ਇਹਨਾ ਦਾ ਕਲੀਨੀਕਲ ਡਾਟਾ ਇਹ ਸਬੂਤ ਦਿੰਦੀਆ ਹੈ ਕਿ ਇਸ ਨਾਲ ਸਾਈਡ-ਅਫੈਕਟ ਕੰਟਰੋਲ ਹੋ ਸਕਦੇ ਹਨ ਜੇ ਤੁਸੀ ਅਲਗ (ਡਿਫਰੈਂਟ) ਵੈਕਸੀਨ ਪਹਿਲਾ ਲਈ ਹੈ.

ਸਾਈਡ-ਅਫੈਕਟ /ਮਾੜੇ ਪ੍ਰਭਾਵ ਸੰਭਵ ਹੋ ਸਕਦੇ ਹਨ :-

ਸਾਰੇ ਟੀਕਿਆ ਦੀ ਤਰ੍ਹਾ ਸਪਾਇਕਵੈਕਸ ਸਾਈਡ-ਅਫੈਕਟ (ਗਲਤ ਪ੍ਰਭਾਵ) ਦਾ ਕਾਰਨ ਬਣ ਸਕਦੀ ਹੈ ਹਾਲਾਕਿ ਇਹ ਸਾਰੇ ਬੰਦਿਆ ਨੂੰ ਨਹੀ ਹੋ ਸਕਦੇ.

ਜੇਕਰ ਤੁਸੀ ਐਲਰਜੀ ਪ੍ਰਤੀਕਰਮ ਦੇ ਹੇਠ ਲਿਖੇ ਲੱਛਣਾ ਵਿਚੋ ਕਿਸੇ ਦਾ ਵੀ ਅਨੁਭਵ ਕਰਦੇ ਹੋ ਤਾ ਤੁਸੀ **ਤਰੁੰਤ** ਡਾਕਟਰ ਨੂੰ ਮਿਲੋ

- ਬੇਹੋਸ਼ ਜਾ ਸਿਰ ਚੱਕਰ ਮਹਿਸੂਸ ਹੋਣਾ
- ਦਿਲ ਦੀ ਧੜਕਨ ਵਿਚ ਬਦਲਾਵ
- ਸਾਹ ਲੈਣ ਵਿਚ ਘਬਰਾਹਟ ਹੋਣ
- ਘਬਰਾਹਟ ਹੋਣਾ
- ਜੀਭ, ਚਿਹਰੇ ਜਾ ਗਲੇ ਦੀ ਸੋਜ
- ਖੁਜਲੀ ਜਾ ਧੱਫੜ ਪੈਣਾ
- ਮਨ ਮਚਲਾਉਣਾ ਜਾ ਉਲਟੀਆ
- ਪੇਟ ਦਰਦ

ਜੇ ਕੋਈ ਹੋਰ ਮਾੜੇ(ਗਲਤ) ਪ੍ਰਭਾਵ ਹੁੰਦੇ ਹਨ ਤਾ ਆਪਣੇ ਡਾਕਟਰ ਨਾਲ ਸੰਪਰਕ ਕਰੋ ਇਹ ਹੇਠਾ ਲਿਖਿਆ ਵਿਚੋ ਹੋ ਸਕਦੇ ਹਨ:-

*ਬਹੁਤ ਆਮ ਗਲਤ ਪ੍ਰਭਾਵ ਹੋ ਸਕਦੇ ਹਨ* ਜੋ( 10 ਵਿਚੋ 1 ਲੋਕਾ ਨੂੰ ਪ੍ਰਭਾਵਿਤ ਕਰ ਸਕਦੇ ਹਨ )

- ਕੱਛਾ ਵਿਚ ਸੋਜ ਜਾ ਦਰਦ
- ਸਿਰ ਦਰਦ
- ਮਨ ਮਚਲਾਉਣਾ
- ਉਲਟੀ

- ਮਾਸਪੇਸ਼ੀਆ ਅਤੇ ਜੋੜਾ ਵਿਚ ਕਠੋਰਤਾ ਅਤੇ ਦਰਦ
- ਟੀਕੇ ਵਾਲੀ ਥਾ ਉਪਰ ਦਰਦ ਜਾ ਸੋਜ

---

[1] La Legge n. 648/96 consente ai medici l'utilizzo a carico del SSN di farmaci che si sono dimostrati efficaci e sicuri nel trattamento di una determinata patologia, ma che non sono autorizzati per quella specifica indicazione terapeutica.

ਕਾਨੂੰਨ ਨੰਬਰ 648/96 ਡਾਕਟਰ ਨੂੰ ਉਹਨਾ ਦਵਾਈਆ ਦੀ ਵਰਤੋ ਕਰਨ ਦੀ ਇਜਾਜਤ ਦਿੰਦਾ ਹੈ ਜੋ ਕਿਸੇ ਖਾਸ ਰੋਗ ਵਿਗਿਆਨ ਦੇ ਇਲਾਜ ਵਿਚ ਪ੍ਰਭਾਵਸ਼ੀਲ ਅਤੇ ਸੁਰੱਖਿਅਤ ਦਿਖਾਈਆ ਗਈਆ ਹਨ ਪਰ ਜੋ 'SSN (ਨੈਸ਼ਨਲ ਹੈਲਥ ਸਿਸਟਮ) ਦੀ ਕੀਮਤ ਤੇ ਉਹ ਖਾਸ ਇਲਾਜ ਸੰਬੰਧੀ ਸੰਕੇਤ ਲਈ ਅਧਿਕਾਰਤ ਨਹੀ ਹਨ

- ਬਹੁਤ ਜਿਆਦਾ ਥਕਾਵਟ
- ਠੰਡ ਨਾਲ ਕੰਬਣਾ
- ਬੁਖਾਰ

*ਆਮ ਗਲਤ ਪ੍ਰਭਾਵ* ( 10 ਵਿਚੋ 1 ਲੋਕਾ ਨੂੰ ਪ੍ਰਭਾਵਿਤ ਕਰ ਸਕਦੇ ਹਨ )

- ਧੱਫੜ
- ਟੀਕੇ ਵਾਲੀ ਥਾ ਉਪਰ ਲਾਲੀ ਜਾ ਖਾਜ ( ਇਹੋ ਗਲਤ ਪ੍ਰਭਾਵ ਕੁਝ ਮਾਮਲਿਆ ਵਿਚ ਉਹ ਟੀਕੇ ਦੇ ਕੁਝ ਸਮੇ ਬਾਦ ਹੋ ਸਕਦੇ ਹਨ )

*ਅਸਧਾਰਨ ਗਲਤ ਪ੍ਰਭਾਵ* ( 100 ਵਿਚੋ 1 ਲੋਕਾ ਨੂੰ ਪ੍ਰਭਾਵਿਤ ਕਰ ਸਕਦੇ ਹਨ )

- ਟੀਕੇ ਵਾਲੀ ਸਾਇਡ ਤੇ ਖੁਜਲੀ

ਦੁਰਲਭ (rare) ਗਲਤ ਪ੍ਰਭਾਵ ( 1000 ਵਿਚੋ 1 ਲੋਕਾ ਨੂੰ ਪ੍ਰਭਾਵਿਤ ਕਰ ਸਕਦੇ ਹਨ ):

- ਕੁਝ ਸਮੇ ਲਈ ਮੂੰਹ ਦੇ ਅੱਧੇ ਹਿਸੇ ਦਾ ਅੰਧਰਗ ਹੋਣਾ (ਬੈਲ ਅੰਧਰਗ)
- ਚਿਹਰੇ ਦੀ ਸੋਜ (ਚਿਹਰੇ ਦੀ ਸੋਜ ਉਹਨਾ ਲੋਕਾ ਵਿਚ ਹੋ ਸਕਦੀ ਹੈ ਜਿਹਨਾ ਨੇ ਪਹਿਲਾ ਚਿਹਰੇ ਦੇ ਕਾਸਮੈਟਿਕ ਟੀਕੇ ਲਗਾਏ ਹਨ
- ਚੱਕਰ ਆਉਣੇ
- ਛੋਹਣ ਤੇ ਮਹਿਸੂਸ ਕਰਨ ਦੀ ਕਮੀ

ਕਹਿ ਨਹੀ ਸਕਦੇ ( ਹੇਠਾ ਲਿਖੇ ਜੋ ਸਾਡੇ ਕੋਲ ਡੇਟਾ ਹੈ ਉਹ ਕਿੰਨਿਆ ਵਾਰ ਹੋ ਸਕਦਾ ਹੈ

- ਸਾਹ ਲੈਣ ਵਿਚ ਮੁਸ਼ਕਿਲ ( ਆਨਾਫੀਲਾਸੀ) ਦੇ ਨਾਲ ਗਭੀਰ ਅਲੈਰਜੀ ਵਾਲੀਆ ਪ੍ਰਤੀਕ੍ਰਿਆਵਾ
- ਬਹੁਤ ਸੰਵੇਦਨਸ਼ੀਲਤਾ ਜਾ ਅਸਹਿਣਸ਼ੀਲਤਾ ਪ੍ਰਤੀ ਇਮੂਨੀਸਿਸਟਮ ਦੀਆ ਪ੍ਰਤੀਕ੍ਰਿਆਵਾ
- ਦਿਲ ਦੀ ਸੋਜਸ ( ਮੀਉਕਰਦੀਤੇ) ਜਾ ਦਿਲ ਦੇ ਬਾਹਰਲੀ ਪਰਤ ਦੀ ਸੋਜਸ (ਪੇਰੀਕਾਦੀਤੇ) ਜੋ ਸਾਹ ਦੀ ਕਮੀ,ਧੜਕਨ ਜਾ ਛਾਤੀ ਵਿਚ ਦਰਦ ਦਾ ਕਾਰਨ ਬਣ ਸਕਦੀ ਹੈ

ਜੇਕਰ ਤੁਸੀ ਹੋਰ ਕੋਈ ਗਲਤ ਪ੍ਰਭਾਵ ਦੇਖਦੇ ਹੋ ਤਾ ਜੋ ਕਿ ਉਪਰ ਦਿਤੀ ਹੋਈ ਸੂਚੀ ਵਿਚ ਨਹੀ ਹੈ ਤਾ ਆਪਣੇ ਡਾਕਟਰ ਨਾਲ ਸੰਪਰਕ ਕਰੋ ਜਾ ਟੀਕਾਕਰਨ ਕੇਂਦਰ ਵਿਚ ਸੰਪਰਕ ਕਰੋ

ਇਸ ਤੋ ਇਲਾਵਾ ਤੁਸੀ ਗਲਤ ਪ੍ਰਭਾਵ ਦੀ ਰਿਪੋਰਟ ਸਿੱਧੇ ਨੈਸ਼ਨਲ ਸਿਸਟਮ ਵਿਚ ਭੇਜ ਸਕਦੇ ਹੋ

(https://www.aifa.gov.it/content/segnalazioni-reazioni-avverse). .

ਸਪਾਈਕਵੈਕਸ ਵਿਚ ਕੀ ਹੈ

ਕ੍ਰਿਆਸ਼ੀਲ ਤੱਤ ਇਕ ਐਂਟੀ-ਕੋਵਿਡ-19 ( Anti-covid-19 ) mRNA ਵੈਕਸੀਨ ਹੈ

ਹੋਰ ਸਮਗਰੀ:- ਲੀਪੀਦੇ SM-102 ,ਕੋਲੇਸਤੇਰੋਲੋ **1.2-** ਡਿਸਤੇਅਰੋਇਲ **-** sn – ਗਲੀਸ਼ੇਰੋ **- 3-** ਫੋਜਫੋਕਾਲੀਨਾ (DSPC)**, 1.2-** ਦੀਮੀਰਿਸਤੋਇਲ**-**rac-ਗਲੀਸ਼ੇਰੋ**-3-**ਮੇਤੋਸੀਪੋਲੀਏਤੀਲਿਨਗਲੀਕੋਲੋ **- 2000** (PEG 2000 DMG)**,** ਤਰੋਮੇਤਾਮੋਲੋ**,** ਤਰੋਮੇਤਾਮੋਲੋ ਕਲੋਰੀਦਰਾਤੋ**,** ਅਸ਼ੀਦੋ ਅਸ਼ੇਤੀਕੋ, ਸੋਡਿਓ ਆਸ਼ੇਤਾਤੋ ਤਰੀਦਰਾਤੋ, ਸਾਕਾਰੋਸੀਓ,ਟੀਕੇ ਲਈ ਪਾਣੀ

Gli altri componenti sono: lipide SM-102, colesterolo, 1,2-distearoil-sn-glicero-3-fosfocolina (DSPC), 1,2-dimiristoil-rac-glicero-3-metossipolietilenglicole-2000 (PEG2000 DMG), trometamolo, trometamolo cloridrato, acido acetico, sodio acetato triidrato, saccarosio, acqua per preparazioni iniettabili.